# ਪਾਠ-2

# ਪੰਜਾਬ ਦੇ ਮੇਲੇ ਤੇ ਤਿਉਹਾਰ

ਲੇਖਕ : ਡਾ.ਐਸ. ਐਸ ਵਣਜਾਰਾ ਬੇਦੀ

**ਪ੍ਰਸ਼ਨ-1 : ਮੇਲਿਆਂ ਦਾ ਕਿਸੇ ਜਾਤੀ ਲਈ ਕੀ ਮਹੱਤਵ ਹੁੰਦਾ ਹੈ ?**

ਉੱਤਰ : ਸਾਡੇ ਸੱਭਿਆਚਾਰ ਦਾ ਅਹਿਮ ਪੱਖ ਸਾਡੇ ਮੇਲੇ ਤੇ ਤਿਉਹਾਰ ਹਨ।ਪੰਜਾਬ ਵਿੱਚ ਮੇਲਿਆਂ ਤੇ ਤਿਉਹਾਰਾਂ ਦਾ ਇੱਕ ਕਾਫਲਾ ਸਾਰਾ ਸਾਲ ਚੱਲਦਾ ਰਹਿੰਦਾ ਹੈ। ਮੇਲੇ, ਮੇਲ-ਜ਼ੋਲ ਅਤੇ ਮਨਪਰਚਾਵੇ ਦਾ ਇੱਕ ਸਾਧਨ ਹੈ। ਸਾਡਾ ਸੱਭਿਆਚਾਰ, ਸਾਡੀ ਭਾਈਚਾਰਕ ਸਾਂਝ ਤੇ ਸੰਸਕ੍ਰਿਤੀ ਦੀ ਨੁਹਾਰ ਨੂੰ ਮੇਲੇ ਪੂਰੀ ਤਰ੍ਹਾਂ ਨਾਲ ਪੇਸ਼ ਕਰਦੇ ਹਨ।ਪੰਜਾਬ ਦੇ ਮੇਲੇ ਤੇ ਤਿਉਹਾਰ, ਧਾਰਮਿਕ ਭਾਵਨਾਵਾਂ ਅਤੇ ਕਲਾਤਮਿਕ ਭਾਵ ਆਪਣੇ ਅੰਦਰ ਸਮੋਈ ਬੈਠੇ ਹਨ। ਮੇਲਿਆਂ ਵਿੱਚ ਪੂਰੀ ਪੰਜਾਬੀ ਕੌਮ ਖੁੱਲਾ ਮਾਣਦੀ ਹੈ, ਇਸ ਨਾਲ ਲੋਕ ਪ੍ਰਤਿਭਾ ਤੇ ਚਰਿੱਤਰ ਨਿਰਮਾਣ ਹੁੰਦਾ ਹੈ।

**ਪ੍ਰਸ਼ਨ-2 : ਮੇਲਾ ਬੀਜ ਰੂਪ ਵਿੱਚ ਪੰਜਾਬੀ ਚਰਿੱਤਰ ਵਿੱਚ ਸਮਾਇਆ ਹੋਇਆ ਹੈ, ਦੱਸੋ ਕਿਵੇਂ ?**

ਉੱਤਰ : ਮੇਲੇ ਤੋਂ ਭਾਵ ਹੈ ਮੇਲ-ਜੋਲ। ਮੇਲੇ ਸਾਡੇ ਸੱਭਿਆਚਾਰ ਦਾ ਅਹਿਮ ਅੰਗ ਹਨ।ਪੰਜਾਬੀਆਂ ਲਈ ਹਰ ਪਲ ਪੁਰਬ ਤੇ ਹਰ ਦਿਨ ਮੇਲਾ ਹੁੰਦਾ ਹੈ ਭਾਵ ਕਿ ਪੰਜਾਬੀ ਮੇਲ ਜ਼ੋਨ ਦੇ ਸ਼ੌਕੀਨ ਹਨ।ਜਿੱਥੇ ਚਾਰ ਪੰਜਾਬੀ ਮਿਲ ਜਾਣ, ਉੱਥੇ ਮੇਲੇ ਵਰਗਾ ਮਾਹੌਲ ਬਣ ਜਾਂਦਾ ਹੈ। ਮੇਲਿਆਂ ਦੇ ਮੌਕੇ ਪੰਜਾਬੀਆਂ ਦੇ ਚਿਹਰੇ ਦੀ ਰੌਣਕ ਦੇਖਣ ਵਾਲੀ ਹੁੰਦੀ ਹੈ। ਹਰ ਮੇਲੇ ਵਿੱਚ ਇੱਕ ਬਜ਼ਾਰ ਹੁੰਦਾ ਹੈ ਤੇ ਪੰਜਾਬੀ ਮੇਲੇ ਵਿੱਚੋਂ ਕੁਝ ਨਾ ਕੁਝ ਖਰੀਦ ਕੇ ਘਰ ਪਰਤਦੇ ਹਨ। ਮੇਲੇ ਵਿੱਚ ਖਾਣ ਪੀਣ ਦੀਆਂ ਦੁਕਾਨਾਂ ਦੇ ਨਾਲ ਹਾਰ ਸ਼ਿੰਗਾਰ ਦੀਆਂ ਦੁਕਾਨਾਂ ਤੇ ਖਿਡੌਣਿਆਂ ਦੀਆਂ ਦੁਕਾਨਾਂ ਹੁੰਦੀਆਂ ਹਨ। ਮੇਲੇ ਵਿੱਚ ਹਰ ਨੌਜਵਾਨ ਲਾੜਾ ਹੁੰਦਾ ਹੈ।

ਪ੍ਰਸ਼ਨ-3 : ਪੰਜਾਬੀ ਮੇਲਿਆਂ ਦੀਆਂ ਵਿਸ਼ੇਸ਼ਤਾਵਾਂ ਬਾਰੇ ਲਿਖੋ?

ਉੱਤਰ :ਪੰਜਾਬ ਵਿੱਚ ਕਈ ਤਰ੍ਹਾਂ ਦੇ ਮੇਲੇ ਤੇ ਤਿਉਹਾਰ ਮਨਾਏ ਜਾਂਦੇ ਹਨ ਜਿਵੇਂ ਕਿ ਮੌਸਮੀ ਮੇਲੇ, ਗੁਰੂ ਸਾਹਿਬਾਨ ਨਾਲ ਸੰਬੰਧਿਤ ਮੇਲੇ, ਦੇਵੀ ਦੇਵਤਿਆਂ ਨਾਲ ਸੰਬੰਧਿਤ ਮੇਲੇ ਤਿੱਥਾਂ ਨਾਲ ਸੰਬੰਧਿਤ ਮੇਲੇ। ਮੇਲਾ ਕੋਈ ਵੀ ਹੋਵੇ ਇਸ ਦਾ ਹਰ ਦ੍ਰਿਸ਼ ਸਾਡੇ ਸੱਭਿਆਚਾਰ ਦੀ ਪ੍ਰਤੀਨਿਧਤਾ ਕਰਦਾ ਹੈ ਤੇ ਸਾਰੇ ਪੰਜਾਬੀ ਇਸ ਵਿੱਚ ਸ਼ਾਮਲ ਹੁੰਦੇ ਹਨ।ਇਹ ਮੇਲੇ ਸਾਡੀ ਬਹੁਪੱਖੀ ਜ਼ਿੰਦਗੀ ਨੂੰ ਪ੍ਰਗਟਾਉਂਦੇ ਹਨ।ਹਰ ਮੇਲੇ ਵਿੱਚ ਇੱਕ ਬਜ਼ਾਰ ਹੁੰਦਾ ਹੈ ਜਿਸ ਵਿੱਚ ਖਾਣ ਪੀਣ, ਹਾਰ-ਸ਼ਿੰਗਾਰ ਤੇ ਖਿਡੌਣੇ ਆਦਿ ਦੀਆਂ ਦੁਕਾਨਾਂ ਜਰੂਰ ਹੁੰਦੀਆਂ ਹਨ।ਦਿਲਪ੍ਰਚਾਵੇ ਦੇ ਸਾਧਨ ਮੌਜੂਦ ਹੁੰਦੇ ਹਨ।

ਪੰਜਾਬ ਦੇ ਵੱਖ-ਵੱਖ ਮੇਲੇ ਤੇ ਤਿਉਹਾਰ

1) ਮੌਸਮੀ ਮੇਲੇ

ਬਸੰਤ ਪੰਚਮੀ, ਹੋਲੀ, ਹੋਲਾ, ਵਿਸਾਖੀ ਤੇ ਤੀਆਂ

2) ਸਰਪ ਪੂਜਾ ਨਾਲ ਸੰਬੰਧਿਤ ਮੇਲੇ

ਗੁੱਗੇ ਦਾ ਮੇਲਾ (ਭਾਦੋਂ ਸੁਦੀ ਚੌਦਾਂ ਨੂੰ ਛਪਾਰਵਿਖੇ)

3) ਦੇਵੀ ਮਾਤਾ ਦੇ ਮੇਲੇ

ਸਾਂਝੀ ਮਾਈ ਦੀ ਪੂਜਾ (ਨਰਾਤਿਆਂ ਵਿੱਚ), ਚਿੰਤਪੁਰਨੀ, ਨੈਨਾ ਦੇਵੀ ਤੇ ਮਨਸਾ ਦੇਵੀ ਦੇ ਅਸਥਾਨਾਂ ਤੇ ਮੇਲੇ, ਸ਼ੀਤਲਾ ਮਾਤਾ ਦਾ ਮੇਲਾ (ਚੇਤ ਮਹੀਨੇ ਦੇ ਪਹਿਲੇ ਮੰਗਲਵਾਰ ਨੂੰ ਜਰਗ ਪਿੰਡ ਵਿਖੇ ਲੱਗਦਾ ਹੈ)

4) ਪੀਰਾਂ ਫਕੀਰਾਂ ਦੀ ਸ਼ਰਧਾ ਵਿੱਚ ਮੇਲੇ

ਰੌਸ਼ਨੀ ਦਾ ਮੇਲਾ 14-15-16 ਫੱਗਣ ਨੂੰ ਪੀਰ ਅਬਦੁਲ ਕਾਦਿਰ ਜਿਲਾਨੀ ਦੀ ਕਬਰ ਤੇ ਜਗਰਾਉਂ ਵਿਖੇ ਲੱਗਦਾ ਹੈ। ਕਬਰ ਤੇ ਅਨੇਕਾਂ ਚਿਰਾਗ ਬਾਲਣ ਕਾਰਨ ਇਸ ਨੂੰ ਰੌਸ਼ਨੀ ਦਾ ਮੇਲਾ ਕਿਹਾ ਜਾਂਦਾ ਹੈ।

ਹੈਦਰ ਸ਼ੇਖ ਦਾ ਮੇਲਾ

ਮਲੇਰਕੋਟਲੇ ਵਿੱਚ ਹੈਦਰ ਸ਼ੇਖ ਦੇ ਮਕਬਰੇ ਤੇ ਨਿਮਾਣੀ ਇਕਾਦਸ਼ੀ ਨੂੰ ਲੱਗਦਾ ਹੈ। ਪੋਹ ਦੇ ਪਹਿਲੇ ਵੀਰਵਾਰ ਨੂੰ ਸਖੀ ਸਰਵਰ ਦਾ ਮੇਲਾ ਜਾਂ ਨਿਗਾਹਾਂ ਦਾ ਮੇਲਾ ਲੱਗਦਾ ਹੈ।

### 5) ਗੁਰੂ ਸਾਹਿਬਾਨ ਦੀ ਯਾਦ ਵਿੱਚ ਮੇਲੇ

ਪੱਛਮੀ ਪੰਜਾਬ ਵਿੱਚ ਹਰ ਪੂਰਨਮਾਸ਼ੀ ਨੂੰ ਪੰਜਾ ਸਾਹਿਬ ਵਿਖੇ ਮੇਲਾ, ਕੱਤਕ ਦੀ ਪੂਰਨਮਾਸ਼ੀ ਨੂੰ ਸ਼੍ਰੀ ਨਨਕਾਣਾ ਸਾਹਿਬ ਮੇਲਾ,ਲਾਹੌਰ ਵਿੱਚ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਤੇ ਡੇਰਾ ਸਾਹਿਬ ਵਿਖੇ ਜ਼ੋੜ ਮੇਲਾ ਲਗਦਾ ਹੈ।

ਮੁਕਤਸਰ ਦਾ ਮੇਲਾ : ਮਾਘੀ ਨੂੰ, ਮੁਕਤਿਆਂ ਦੀ ਯਾਦ ਵਿੱਚ ਮੇਲਾ ਲੱਗਦਾ ਹੈ।

ਹੋਲਾ ਮਹੱਲਾ : ਆਨੰਦਪੁਰ ਸਾਹਿਬ ਵਿਖੇ ਹੋਲੀ ਤੋਂ ਅਗਲੇ ਦਿਨ ਲੱਗਦਾ ਹੈ।

ਤਰਨਤਾਰਨ ਵਿਖੇ ਮੱਸਿਆ ਨੂੰ ਭਾਰੀ ਮੇਲਾ ਲੱਗਦਾ ਹੈ ਤੇ ਭਾਦੋਂ ਦੀ ਮੱਸਿਆ ਨੂੰ ਬੜਾ ਭਾਰੀ ਮੇਲਾ ਲੱਗਦਾ ਹੈ।

### 6) ਤਿਉਹਾਰ

ਚੇਤਰ ਦੀ ਏਕਸ ਨੂੰ ਨਵਾਂ ਸੰਮਤ, ਚੇਤਰ ਸੁਦੀ ਅੱਠਵੀਂ ਨੂੰ ਕੰਜਕਾਂ, ਚੇਤਰ-ਸੁਦੀ ਨੌ ਨੂੰ ਰਾਮ ਨੋਵੀਂ, ਸਾਵਣ ਦੀ ਤੀਜੀ ਤਿਥ ਨੂੰ ਤੀਆਂ, ਸਾਵਣ ਦੀ ਪੂਰਨਮਾਸ਼ੀ ਨੂੰ ਰੱਖੜੀ, ਭਾਦੋਂ ਦੀ ਨੋਂਵੀ ਨੂੰ ਗੁੱਗਾ ਨੋਵੀਂ, ਕ੍ਰਿਸ਼ਨ ਜੀ ਦਾ ਜਨਮ, ਭਾਦੋਂ ਕ੍ਰਿਸ਼ਨ ਪੱਖ ਦੀ ਅਸ਼ਟਮੀ ਨੂੰ ਜਨਮ ਅਸ਼ਟਮੀ, ਅੱਸੂ ਦੇ ਮਹੀਨੇ ਹਨੇਰੇ ਪੱਖ ਦੀਆਂ 15 ਤਿੱਥਾਂ ਸ਼ਰਾਧ, ਨਰਾਤੇ (ਸਾਂਝੀ ਮਾਈ ਦੀ ਪੂਜਾ), ਰਾਮਲੀਲਾ, ਦੁਸ਼ਹਿਰਾ, ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ, ਕਰਵਾ ਚੌਥ, ਦੀਵਾਲੀ, ਲੋਹੜੀ, ਮਕਰ ਸੰਕ੍ਰਾਂਤੀ ਤੇ ਫੱਗਣ ਦੀ ਮੱਸਿਆ ਨੂੰ ਸ਼ਿਵਰਾਤਰੀ ਆਦਿ ਤਿਉਹਾਰਾਂ ਦਾ ਕਾਫਲਾ ਸਾਰਾ ਸਾਲ ਚੱਲਦਾ ਹੈ।

**ਡਾ.ਪੁਸ਼ਵਿੰਦਰ ਕੌਰ,ਲੈਕਚਰਾਰ**

**ਸਰਕਾਰੀ ਕੋ ਐਡ.ਮਲਟੀਪਰਪਜ ਸਕੂਲ,ਪਟਿਆਲਾ**

**81465-96565**